# ਵੋਟ ਪਾਉਣ ਲਈ ਰਜਿਸਟਰ ਕਰੋ

## ਔਨਲਾਈਨ ਸਭ ਤੋਂ ਆਸਾਨ ਤਰੀਕਾ ਹੈ।

**gov.uk/register-to-vote**



ਵੋਟ ਪਾਉਣ ਵਾਸਤੇ ਰਜਿਸਟਰ ਕਰਨ ਲਈ ਕੁਝ ਮਿੰਟ ਹੀ ਲਗਦੇ ਹਨ। ਜੇ ਤੁਸੀਂ ਰਜਿਸਟਰਡ ਨਹੀਂ ਹੋ, ਤਾਂ ਤੁਸੀਂ ਵੋਟ ਨਹੀਂ ਪਾ ਸਕਦੇ।

ਜਵਾਬ ਦੇਣ ਲਈ ਕਿਰਪਾ ਕਰਕੇ ਹੇਠਾਂ ਦਿੱਤੇ ਵਿਕਲਪਾਂ ਵਿੱਚੋਂ ਇੱਕ ਚੁਣੋ।

- **gov.uk/register-to-vote** 'ਤੇ ਜਾਓ, ਜਾਂ
- **02920 872087** 'ਤੇ ਕਾੱਲ ਕਰੋ, ਜਾਂ
- **ਫਾਰਮ ਨੂੰ ਭਰੋ** ਅਤੇ ਫਿਰ ਇਸਨੂੰ ਸਾਡੇ ਦੁਆਰਾ ਦਿੱਤੇ ਲਿਫਾਫੇ ਵਿੱਚ **ਡਾਕ** ਰਾਹੀਂ ਵਾਪਸ ਭੇਜੋ (ਡਾਕ ਮੁਫਤ ਹੈ)।

ਜਦ ਤੁਹਾਨੂੰ ਚੋਣ ਰਜਿਸਟਰ ਵਿੱਚ ਸ਼ਾਮਲ ਕਰਨ ਤੋਂ ਬਾਅਦਅਸੀਂ ਇਸਦੀ ਪੁਸ਼ਟੀ ਕਰਾਂਗੇ।

ਭਾਵੇਂ ਤੁਸੀਂ ਹਾਲ ਹੀ ਵਿੱਚ ਕੈਨਵੈਸ ਸੰਚਾਰ ਦਾ ਜਵਾਬ ਦਿੱਤਾ ਹੈ, ਤੁਹਾਨੂੰ ਫਿਰ ਵੀ ਇਸ ਫਾਰਮ ਨੂੰ ਭਰਨ ਦੀ ਜ਼ਰੂਰਤ ਹੈ।

ਤੁਸੀਂ ਵੋਟ ਪਾਉਣ ਲਈ ਰਜਿਸਟਰ ਕਰ ਸਕਦੇ ਹੋ ਜੇ ਤੁਸੀਂ ਵੇਲਜ਼ ਦੇ ਵਸਨੀਕ ਹੋ (ਆਮ ਤੌਰ 'ਤੇ ਇੱਥੇ ਰਹਿੰਦੇ ਹੋ) ਅਤੇ 14 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹੋ। ਤੁਸੀਂ 16 ਸਾਲ ਦੀ ਉਮਰ ਤੱਕ ਸਥਾਨਕ ਕੌਂਸਲ ਜਾਂ ਸੇਨੇਡ ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਨਹੀਂ ਹੋਵੋਗੇ ਅਤੇ ਤੁਸੀਂ 18 ਸਾਲ ਦੀ ਉਮਰ ਤੱਕ UK ਦੀ ਸੰਸਦ ਜਾਂ ਪੁਲਿਸ ਅਤੇ ਕ੍ਰਾਈਮ ਕਮਿਸ਼ਨਰ (PCC) ਚੋਣਾਂ ਵਿੱਚ ਵੋਟ ਪਾਉਣ ਦੇ ਯੋਗ ਨਹੀਂ ਹੋਵੋਂਗੇ। ਤੁਸੀਂ ਹੇਠ ਲਿਖੇ ਵਿੱਚੋਂ ਇੱਕ ਹੋਣੇ ਚਾਹੀਦੇ ਹੋ:

- ਬ੍ਰਿਟਿਸ਼ ਜਾਂ ਆਇਰਿਸ਼ ਨਾਗਰਿਕ
- ਇੱਕ ਰਾਸ਼ਟਰਮੰਡਲ ਨਾਗਰਿਕ (ਮਾਲਟੀਜ਼ ਅਤੇ ਸਰਿਪਿਓਟ ਸਮੇਤ) ਹੋ ਜਿਸ ਨੂੰ UK, ਚੈਨਲ ਟਾਪੂਆਂ ਜਾਂ ਆਈਲ ਆਫ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਹੈ, ਜਾਂ ਜਿਸ ਨੂੰ ਇਜਾਜ਼ਤ ਦੀ ਲੋੜ ਨਹੀਂ ਹੈ
- ਇੱਕ ਵਿਦੇਸ਼ੀ ਨਾਗਰਿਕ ਜਿਸ ਨੂੰ UK, ਚੈਨਲ ਆਈਲੈਂਡਜ਼ ਜਾਂ ਆਈਲ ਆਫ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਹੈ, ਜਾਂ ਜਿਸਨੂੰ ਇਜਾਜ਼ਤ ਦੀ ਲੋੜ ਨਹੀਂ ਹੈ
- ਯੂਰਪੀਅਨ ਯੂਨੀਅਨ (EU) ਦਾ ਨਾਗਰਿਕ।

UK, ਚੈਨਲ ਟਾਪੂਆਂ ਜਾਂ ਆਇਲ ਆਫ਼ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਹੋਵੇ (ਜਿਸ ਨੂੰ ਦਾਖਲ ਹੋਣ ਤੋਂ ਬਾਅਦ ਛੱਡਣ ਜਾਂ ਰਹਿਣ ਲਈ ਵੀ ਕਿਹਾ ਜਾਂਦਾ ਹੋਵੇ) ਜੋ ਕਿ ਇੱਕ ਕਾਨੂੰਨੀ ਪ੍ਰਵਾਸ ਸਥਿਤੀ ਲਈ ਹਵਾਲਾ ਹੁੰਦਾ ਹੈ।

**ਵੱਡੇ ਪ੍ਰਿੰਟ ਜਾਂ ਕਿਸੇ ਹੋਰ ਫਾਰਮੇਟ ਵਿੱਚ ਇਸ ਫਾਰਮ ਦੀ ਬੇਨਤੀ ਕਰਨ ਲਈ ਸਾਡੇ ਨਾਲ ਸੰਪਰਕ ਕਰੋ।**

**ਆਨਲਾਈਨ ਜਾਓ**

**gov.uk/register-to-vote** 'ਤ ਜਾ ਕ ਇਸ ਫਾਰਮ ਨ ਤਜ਼ੀ ਅਤ ਅਸਾਨੀ ਨਾਲ ਭਰਿਆ ਜਾ ਸਕਦਾ ਹੈ।

# ਵੋਟ ਪਾਉਣ ਲਈ ਰਜਿਸਟਰ ਕਰੋ

## 1 ਤੁਹਾਡਾ ਨਾਮ ਅਤ ਪਤਾ

ਪਹਿਲਾ ਨਾਮ

ਆਖਰੀ ਨਾਮ

ਤੁਹਾਡਾ ਪਤਾ

ਡਾਕ ਕੋਡ

ਕੀ ਤੁਸੀਂ ਵੀ ਕਿਸੇ ਹੋਰ ਪਤੇ 'ਤੇ ਰਹਿੰਦੇ ਹੋ? ਕਿਰਪਾ ਕਰਕੇ ਨਿਸ਼ਾਨ ਲਗਾਓ ☐ ਨਹੀਂ ☐ ਹਾਂ

ਜੇ ਹਾਂ, ਤਾਂ ਤੁਹਾਨੂੰ ਹੁਣੇ ਸਾਨੂੰ ਇਹ ਪਤਾ ਦੇਣ ਦੀ ਲੋੜ ਨਹੀਂ ਹੈ ਪਰ ਅਸੀਂ ਬਾਅਦ ਵਿੱਚ ਹੋਰ ਜਾਣਕਾਰੀ ਦੀ ਮੰਗ ਕਰ ਸਕਦੇ ਹਾਂ।

ਫੋਨ ਨੰ. (ਵਿਕਲਪਿਕ)

ਈਮੇਲ (ਵਿਕਲਪਿਕ)

ਇੱਕ ਈਮੇਲ ਪਤਾ ਜਾਂ ਫ਼ੋਨ ਨੰਬਰ ਮਿਲਣ ’ਤੇ ਤੁਹਾਡੀ ਅਰਜ਼ੀ ਬਾਰੇ ਤੁਹਾਡੇ ਨਾਲ ਤੇਜ਼ੀ ਨਾਲ ਅਤੇ ਅਸਾਨੀ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਜੇ ਸਾਡੇ ਕੋਲ ਅਜਿਹੀ ਜਾਣਕਾਰੀ ਛਾਪੀ ਗਈ ਹੈ ਜੋ ਗਲਤ ਹੈ, ਤਾਂ ਕਿਰਪਾ ਕਰਕੇ ਉਸ ’ਤੇ ਕਾਟੀ ਲਗਾ ਦਿਓ ਅਤੇ ਸਹੀ ਜਾਣਕਾਰੀ ਲਿਖੋ।

## 2 ਕੀ ਪਿਛਲ 12 ਮਹੀਨਿਆ ਵਿਚ ਘਰ ਬਦਲਿਆ ਹੈ?

ਕਿਰਪਾ ਕਰਕੇ ਨਿਸ਼ਾਨ ਲਗਾਓ ☐ ਨਹੀਂ ☐ ਹਾਂ

ਜੇ ਹਾਂ, ਤਾਂ ਕਿਰਪਾ ਕਰਕੇ ਕੋਈ ਪਿਛਲਾ ਪਤਾ ਦਿਓ ਜਿੱਥੇ ਤੁਸੀਂ ਪਿਛਲੇ ਸਾਲ ਦੌਰਾਨ ਰਹੇ ਸੀ ਨਹੀਂ ਤਾਂ ਤੁਹਾਡੀ ਅਰਜ਼ੀ ਵਿੱਚ ਦੇਰੀ ਹੋ ਸਕਦੀ ਹੈ।

ਡਾਕ ਕੋਡ

ਜੇ ਇਹ ਪਤਾ ਵਿਦੇਸ਼ ਦਾ ਸੀ, ਤਾਂ ਕੀ ਤੁਸੀਂ UK ਵਿੱਚ ਇੱਕ ਵਿਦੇਸ਼ੀ ਵੋਟਰ ਵਜੋਂ ਰਜਿਸਟਰਡ ਸੀ? ਕਿਰਪਾ ਕਰਕੇ ਨਿਸ਼ਾਨ ਲਗਾਓ ☐ ਨਹੀਂ ☐ ਹਾਂ

## 3 ਤੁਹਾਡੀ ਰਾਸ਼ਟਰੀਅਤਾ

(ਵਧਰ ਜਾਣਕਾਰੀ ਲਈ ਪਨਾ 4 ਦੇਖ)

ਕਿਰਪਾ ਕਰਕੇ ਆਪਣੀ ਰਾਸ਼ਟਰੀਅਤਾ ਬਾਰੇ ਦੱਸੋ। ਜੇ ਤੁਹਾਡੇ ਕੋਲ ਇੱਕ ਤੋਂ ਵੱਧ ਰਾਸ਼ਟਰੀਅਤਾਂ ਹਨ, ਤਾਂ ਕਿਰਪਾ ਕਰਕੇ ਉਹਨਾਂ ਸਾਰਿਆਂ ਨੂੰ ਸ਼ਾਮਲ ਕਰੋ।

(ਕੀ ਆਪਣੀ ਰਾਸ਼ਟਰੀਅਤਾ ਨਹੀਂ ਪਤਾ ਹੈ? ਕਿਰਪਾ ਕਰਕੇ ਸੈਕਸ਼ਨ 10 ਦੇਖੋ)।

## 4 ਤੁਹਾਡੀ ਪ੍ਰਵਾਸ ਦੀ ਸਥਿਤੀ

(ਵਧਰ ਜਾਣਕਾਰੀ ਲਈ ਪਨਾ 4 ਦੇਖ)

**ਇਸ ਸੈਕਸ਼ਨ ਨੂੰ ਸਿਰਫ਼ ਤਾਂ ਹੀ ਪੂਰਾ ਕਰੋ ਜੇ ਤੁਸੀਂ ਹੇਠਾਂ ਲਿਖੇ ਦੇਸ਼ਾਂ ਵਿੱਚੋਂ ਕਿਸੇ ਇੱਕ ਦੇ EU ਨਾਗਰਿਕ ਹੋ:**

**ਆਸਟਰੀਆ • ਚੈੱਕ ਰਿਪਬਲਿਕ • ਜਰਮਨੀ • ਲਾਤਾਵੀਆ • ਸਲੋਵਾਕੀਆ • ਬੈਲਜੀਅਮ • ਐਸਟੋਨੀਆ • ਗ੍ਰੀਸ • ਲਿਥੁਆਨੀਆ • ਸਲੋਵੇਨੀਆ • ਬੁਲਗਾਰੀਆ • ਫਿਨਲੈਂਡ • ਹੰਗਰੀ • ਨੀਦਰਲੈਂਡ • ਸਵੀਡਨ • ਕਰੋਸ਼ੀਆ • ਫਰਾਂਸ • ਇਟਲੀ • ਰੋਮਾਨੀਆ**

ਕੀ ਤੁਹਾਨੂੰ 31 ਦਸੰਬਰ 2020 ਤੋਂ ਲਗਾਤਾਰਤਾ ਨਾਲ UK, ਚੈਨਲ ਟਾਪੂਆਂ ਜਾਂ ਆਇਲ ਆਫ਼ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਮਿਲੀ ਹੈ, ਜਾਂ ਇਜਾਜ਼ਤ ਦੀ ਲੋੜ ਨਹੀਂ ਹੈ?

ਹਾਂ' ਵਿੱਚ ਜਵਾਬ ਦਿਓ ਜੇ ਹੇਠਾਂ ਦਿੱਤੇ ਵਿੱਚੋਂ ਇੱਕ ਜਾਂ ਵੱਧ ਤੁਹਾਡੇ 'ਤੇ 31 ਦਸੰਬਰ 2020 ਨੂੰ ਜਾਂ ਇਸ ਤੋਂ ਪਹਿਲਾਂ ਲਾਗੂ ਹੁੰਦਾ ਹੈ ਅਤੇ ਬਿਨਾਂ ਕਿਸੇ ਰੁਕਾਵਟ ਤੋਂ ਹੇਠਾਂ ਦਿੱਤੀਆਂ ਗੱਲਾਂ ਜਾਰੀ ਹਨ:

- EU ਸੈਟਲਮੈਂਟ ਸਕੀਮ ਅਧੀਨ ਸੈਟਲ ਜਾਂ ਪ੍ਰੀ-ਸੈਟਲ ਸਥਿਤੀ ਹੈ, ਸਿਵਾਏ ਜੇ ਤੁਸੀਂ ਪਰਿਵਾਰ ਦੇ ਮੈਂਬਰ ਵਜੋਂ ਸ਼ਾਮਲ ਹੋਣ ਲਈ ਅਰਜ਼ੀ ਦਿੱਤੀ ਹੈ
- UK, ਚੈਨਲ ਟਾਪੂਆਂ ਜਾਂ ਆਇਲ ਆਫ਼ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਲਈ ਅਣਮਿੱਥੇ ਸਮੇਂ ਲਈ ਜਾਂ ਸੀਮਤ ਇਜਾਜ਼ਤ ਹੈ
- UK, ਚੈਨਲ ਟਾਪੂਆਂ ਜਾਂ ਆਇਲ ਆਫ ਮੈਨ ਦੇ ਵਸਨੀਕ ਹੋ ਪਰ ਪ੍ਰਵਾਸ ਕੰਟਰੋਲਾਂ ਤੋਂ ਮੁਕਤ ਹੋ।

ਜੇ ਤੁਹਾਡੇ ਸਵਾਲ ਦਾ ਜਵਾਬ 'ਹਾਂ' ਹੈ ਅਤੇ ਤੁਸੀਂ ਉਸ ਸਮੇਂ ਤੋਂ UK ਤੋਂ ਗੈਰ-ਹਾਜ਼ਰ ਰਹੇ ਹੋ ਜਿਸਦੀ ਤੁਹਾਡੀ ਪ੍ਰਵਾਸ ਸਥਿਤੀ ਦੀਆਂ ਸ਼ਰਤਾਂ ਅਧੀਨ ਇਜਾਜ਼ਤ ਦਿੱਤੀ ਗਈ ਹੈ, ਤਾਂ ਤੁਹਾਨੂੰ ਫਿਰ ਵੀ 'ਹਾਂ' ਵਿਕਲਪ 'ਤੇ ਨਿਸ਼ਾਨ ਲਗਾਉਣਾ ਚਾਹੀਦਾ ਹੈ।

ਕਿਰਪਾ ਕਰਕੇ ਨਿਸ਼ਾਨ ਲਗਾਓ ☐ ਨਹੀਂ ☐ ਹਾਂ

## 5 ਤੁਹਾਡੀ ਜਨਮ ਮਿਤੀ (ਵਧਰ ਜਾਣਕਾਰੀ ਲਈ ਪਨਾ 4 ਦੇਖ)

D D M M Y Y Y Y

ਜੇ ਤੁਹਾਨੂੰ ਆਪਣੀ ਜਨਮ ਮਿਤੀ ਪਤਾ ਨਹੀਂ ਹੈ ਤਾਂ ਕਿਰਪਾ ਕਰਕੇ ਨਿਸ਼ਾਨ ਲਗਾਓ ਜੇ ਤੁਸੀਂ:

☐ 14-15 ☐ 16-17 ☐ 18-75 ☐ 76 ਸਾਲ ਜਾਂ ਵੱਧ ਹੋ

(ਕੀ ਤੁਹਾਡੀ ਜਨਮ ਮਿਤੀ ਪਤਾ ਨਹੀਂ? ਕਿਰਪਾ ਕਰਕੇ ਸੈਕਸ਼ਨ 10 ਦੇਖੋ)।

## 6 ਤੁਹਾਡੀ ਰਾਸ਼ਟਰੀ ਬੀਮਾ ਨਬਰ (ਜੇ ਤੁਹਾਡੀ ਉਮਰ 16 ਸਾਲ ਜਾਂ ਵਧ ਹੈ)

ਤੁਸੀਂ ਇਸ ਨੂੰ ਆਪਣੀ ਭੁਗਤਾਨ-ਪਰਚੀ 'ਤੇ, ਜਾਂ ਟੈਕਸ, ਪੈਨਸ਼ਨ ਜਾਂ ਲਾਭਾਂ ਬਾਰੇ ਅਧਿਕਾਰਤ ਪੱਤਰਾਂ ਤੋਂ ਦੇਖ ਸਕਦੇ ਹੋ।

☐ ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਤਾਂ ਕਿਰਪਾ ਕਰਕੇ ਨਿਸ਼ਾਨ ਲਗਾਓ।

(ਕੀ ਤੁਹਾਡਾ ਰਾਸ਼ਟਰੀ ਬੀਮਾ ਨੰਬਰ ਪਤਾ ਨਹੀਂ ਹੈ? ਕਿਰਪਾ ਕਰਕੇ ਸੈਕਸ਼ਨ 10 ਦੇਖੋ)।

## 7 ਕੀ ਤਸੀਂ ਆਪਣਾ ਨਾਮ ਬਦਲਿਆ ਹੈ? (ਵਧਰ ਜਾਣਕਾਰੀ ਲਈ ਪਨਾ 4 ਦੇਖ)

ਕਿਰਪਾ ਕਰਕੇ ਸਾਨੂੰ ਤੁਹਾਡਾ ਸਭ ਤੋਂ ਤਾਜ਼ਾ ਪੁਰਾਣਾ ਨਾਮ ਦਿਓ (ਵਿਕਲਪਿਕ)।

ਕਿਰਪਾ ਕਰਕੇ ਸਾਨੂੰ ਦੱਸੋ ਕਿ ਤੁਸੀਂ ਤੁਹਾਡਾ ਨਾਮ ਬਦਲਿਆ ਹੈ (ਵਿਕਲਪਿਕ)।

D D M M Y Y Y Y

## 8 ਓਪਨ ਰਜਿਸਟਰ (ਵਧਰ ਜਾਣਕਾਰੀ ਲਈ ਪਨਾ 4 ਦੇਖ)

ਓਪਨ ਰਜਿਸਟਰ ਚੋਣ ਰਜਿਸਟਰ ਦਾ ਹੀ ਇੱਕ ਅੰਸ਼ ਹੁੰਦਾ ਹੈ, ਪਰ ਇਸਦੀ ਵਰਤੋਂ ਚੋਣਾਂ ਲਈ ਨਹੀਂ ਕੀਤੀ ਜਾਂਦੀ। ਇਹ ਕਿਸੇ ਰਾਹੀਂ ਵੀ ਖਰੀਦਿਆ ਜਾ ਸਕਦਾ ਹੈ ਅਤੇ ਜਿੱਥੇ ਮਾਰਕੀਟਿੰਗ ਸਮੇਤ ਕਈ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ।

ਕਿਰਪਾ ਕਰਕੇ ਨਿਸ਼ਾਨ ਲਗਾਓ ਜੇ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਨਾਮ ਅਤੇ ਪਤਾ ਖੁੱਲੇ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇ। ☐

ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ ਤਾਂ ਤੁਹਾਡੇ ਵੇਰਵੇ ਓਪਨ ਰਜਿਸਟਰ ਵਿੱਚ ਸ਼ਾਮਲ ਨਹੀਂ ਕੀਤੇ ਜਾਣਗੇ।

## 9 ਕੀ ਵੋਟ ਡਾਕ ਜਾਂ ਪ੍ਰੌਕਸੀ ਰਾਹੀਂ ਪਾਉਣੀ ਹੈ?

ਜੇ ਤੁਸੀਂ ਕਿਸੇ ਪੋਲਿੰਗ ਸਟੇਸ਼ਨ 'ਤੇ ਵਿਅਕਤੀਗਤ ਤੌਰ 'ਤੇ ਵੋਟ ਪਾਉਣ ਦਾ ਇਰਾਦਾ ਰੱਖਦੇ ਹੋ, ਤਾਂ ਤੁਹਾਨੂੰ ਇਸ ਭਾਗ ਨੂੰ ਖਾਲੀ ਛੱਡ ਦੇਣਾ ਚਾਹੀਦਾ ਹੈ। ਡਾਕ ਜਾਂ ਪ੍ਰੌਕਸੀ ਰਾਹੀਂ ਵੋਟ ਪਾਉਣ ਲਈ, ਤੁਹਾਨੂੰ ਗੈਰਹਾਜ਼ਰ (ਵਿਅਕਤੀਗਤ ਤੌਰ 'ਤੇ ਹਾਜ਼ਰ ਹੋਣ ਤੋਂ ਬਗੈਰ) ਵੋਟ ਪਾਉਣ ਲਈ ਇੱਕ ਵੱਖਰੀ ਅਰਜ਼ੀ ਭਰਨੀ ਚਾਹੀਦੀ ਹੈ। ਵਧੇਰੇ ਜਾਣਕਾਰੀ **gov.uk/how-to-vote** 'ਤੇ ਦੇਖੀ ਜਾ ਸਕਦੀ ਹੈ, ਜਾਂ ਹੇਠਾਂ ਸਹੀ ਦਾ ਨਿਸ਼ਾਨ ਲਗਾਉ ਕਿ ਤੁਸੀਂ ਕਿਵੇਂ ਵੋਟ ਪਾਉਣਾ ਚਾਹੁੰਦੇ ਹੋ ਅਤੇ ਅਸੀਂ ਤੁਹਾਨੂੰ ਜਾਣਕਾਰੀ ਭੇਜਾਂਗੇ।

☐ ਡਾਕ ਰਾਹੀਂ ☐ ਪ੍ਰੌਕਸੀ ਦੁਆਰਾ (ਤੁਹਾਡੀ ਤਰਫੋਂ ਕਿਸੇ ਨੇ ਵੋਟ ਕਰਨੀ ਹੈ)

## 10 ਕੀ ਆਪਣੀ ਰਾਸ਼ਟਰੀਅਤਾ, ਜਨਮ ਮਿਤੀ ਜਾਂ ਰਾਸ਼ਟਰੀ ਬੀਮਾ ਨਬਰ ਪਤਾ ਨਹੀਂ ਹੈ? ਕਿਰਪਾ ਕਰਕ ਸਾਨ ਕਾਰਨ ਦਸ

ਜੇ ਤੁਸੀਂ ਇਹ ਵੇਰਵੇ ਪ੍ਰਦਾਨ ਨਹੀਂ ਕਰ ਸਕਦੇ ਹੋ ਤਾਂ ਅਸੀਂ ਤੁਹਾਡੀ ਅਰਜ਼ੀ 'ਤੇ ਕਾਰਵਾਈ ਕਰਨ ਤੋਂ ਪਹਿਲਾਂ ਤੁਹਾਡੇ ਤੋਂ ਹੋਰ ਸਬੂਤਾਂ ਦੀ ਮੰਗ ਕਰ ਸਕਦੇ ਹਾਂ।

## 11 ਘਸ਼ਣਾ

ਹੁਣ ਮੈਂ ਇਸ ਪਤੇ 'ਤੇ ਰਹਿੰਦਾ ਹਾਂ। ਮੇਰੀ ਸਰਬੋਤਮ ਜਾਣਕਾਰੀ ਅਨੁਸਾਰ, ਇਸ ਫਾਰਮ ਵਿੱਚ ਦਿੱਤੀ ਗਈ ਜਾਣਕਾਰੀ ਸੱਚ ਹੈ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਚੋਣ ਰਜਿਸਟਰ 'ਤੇ ਕੀਤੀ ਜਾਵੇਗੀ।

ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਜੇ ਅਜਿਹਾ ਕਰਨ ਦੀ ਲੋੜ ਪੈਣ 'ਤੇ ਮੈਂ ਰਜਿਸਟ੍ਰੇਸ਼ਨ ਲਈ ਅਰਜ਼ੀ ਨਹੀਂ ਦਿੰਦਾ ਤਾਂ ਮੈਨੂੰ £80 ਦੇ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ £80 ਦਾ ਜੁਰਮਾਨਾ 14 ਜਾਂ 15 ਸਾਲ ਦੇ ਬੱਚਿਆਂ 'ਤੇ ਲਾਗੂ ਨਹੀਂ ਹੁੰਦਾ। ਮੈਂ ਇਸ ਗੱਲ ਤੋਂ ਜਾਣੂ ਹਾਂ ਕਿ ਇਸ ਫਾਰਮ ਵਿੱਚ ਜਾਣਬੁੱਝ ਕੇ ਗਲਤ ਜਾਣਕਾਰੀ ਪ੍ਰਦਾਨ ਕਰਨਾ ਇੱਕ ਅਪਰਾਧ ਹੈ ਅਤੇ ਦੋਸ਼ੀ ਪਾਏ ਜਾਣ 'ਤੇ ਮੈਨੂੰ ਛੇ ਮਹੀਨਿਆਂ ਤੱਕ ਦੀ ਕੈਦ ਹੋ ਸਕਦੀ ਹੈ ਅਤੇ/ਜਾਂ ਬੇਅੰਤ ਜੁਰਮਾਨੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਦਸਤਖਤ** **ਅੱਜ ਦੀ ਮਿਤੀ**

D D M M Y Y Y Y

## ਪੋਲਿੰਗ ਸਟੇਸ਼ਨ 'ਤੇ ਵੋਟਿੰਗ ਕਰਨਾ

UK ਦੀ ਸੰਸਦ ਅਤੇ ਪੁਲਿਸ ਅਤੇ ਕ੍ਰਾਈਮ ਕਮਿਸ਼ਨਰ ਦੀਆਂ ਚੋਣਾਂ ਵਿੱਚ, ਤੁਹਾਨੂੰ ਆਪਣੀ ਵੋਟ ਪਾਉਣ ਲਈ ਆਪਣੇ ਪੋਲਿੰਗ ਸਟੇਸ਼ਨ ਵਿਖੇ ਫੋਟੋ ਆਈ ਡੀ ਦਿਖਾਉਣ ਦੀ ਲੋੜ ਹੋਵੇਗੀ। ਜੇ ਤੁਹਾਡੇ ਕੋਲ ਫੋਟੋ ID ਦਾ ਸਵੀਕਾਰਿਤ ਰੂਪ ਨਹੀਂ ਹੈ, ਤਾਂ ਤੁਸੀਂ ਇੱਕ ਸੁਤੰਤਰ ਵੋਟਰ ID ਦਸਤਾਵੇਜ਼, ਵੋਟਰ ਅਥਾਰਟੀ ਸਰਟੀਫਿਕੇਟ ਲਈ ਅਰਜ਼ੀ ਦੇ ਸਕਦੇ ਹੋ।

ਵਧੇਰੇ ਜਾਣਕਾਰੀ ਵਾਸਤੇ, ਇੱਥੇ ਵੇਖੋ **gov.uk/how-to-vote/photo-id-youll-need** ਜਾਂ ਸਾਡੇ ਨਾਲ ਸੰਪਰਕ ਕਰੋ।

ਜੇ ਤੁਹਾਨੂੰ ਇਸ ਫਾਰਮ ਨੂੰ ਭਰਨ ਵਿੱਚ ਸਹਾਇਤਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਪੰਨਾ ਇੱਕ 'ਤੇ ਦਿੱਤੇ ਵੇਰਵਿਆਂ ਦੀ ਵਰਤੋਂ ਕਰਕੇ ਸਾਡੇ ਨਾਲ ਸੰਪਰਕ ਕਰੋ।

## ਤੁਹਾਡੀ ਰਾਸ਼ਟਰੀਅਤਾ ਅਤੇ ਪ੍ਰਵਾਸ ਦੀ ਸਥਿਤੀ

UK, ਚੈਨਲ ਟਾਪੂਆਂ ਜਾਂ ਆਇਲ ਆਫ਼ ਮੈਨ ਵਿੱਚ ਦਾਖਲ ਹੋਣ ਜਾਂ ਰਹਿਣ ਦੀ ਇਜਾਜ਼ਤ ਹੋਵੇ (ਜਿਸ ਨੂੰ ਦਾਖਲ ਹੋਣ ਤੋਂ ਬਾਅਦ ਛੱਡਣ ਜਾਂ ਰਹਿਣ ਲਈ ਵੀ ਕਿਹਾ ਜਾਂਦਾ ਹੋਵੇ) ਜੋ ਕਿ ਇੱਕ ਕਾਨੂੰਨੀ ਪ੍ਰਵਾਸ ਸਥਿਤੀ ਲਈ ਹਵਾਲਾ ਹੁੰਦਾ ਹੈ।

ਸਾਨੂੰ ਤੁਹਾਡੀ ਰਾਸ਼ਟਰੀਅਤਾ ਬਾਰੇ ਵਾਧੂ ਸਬੂਤ ਦੀ ਲੋੜ ਪੈ ਸਕਦੀ ਹੈ ਜਾਂ ਅਸੀਂ ਸਰਕਾਰੀ ਰਿਕਾਰਡਾਂ ਵਿੱਚ ਤੁਹਾਡੀ ਰਾਸ਼ਟਰੀਅਤਾ ਜਾਂ ਪ੍ਰਵਾਸ ਦੀ ਸਥਿਤੀ ਦੀ ਜਾਂਚ ਕਰ ਸਕਦੇ ਹਾਂ।

ਸੈਕਸ਼ਨ 4 ਸਿਰਫ 'ਤੁਹਾਡੀ ਪ੍ਰਵਾਸ ਸਥਿਤੀ' ਹੀ ਪੁਲਿਸ ਅਤੇ ਕਰਾਈਮ ਕਮਿਸ਼ਨਰ ਚੋਣਾਂ ਵਿੱਚ ਹੀ ਵੋਟ ਪਾਉਣ ਲਈ ਤੁਹਾਡੀ ਯੋਗਤਾ ਨੂੰ ਨਿਰਧਾਰਤ ਕਰਦੀ ਹੈ। ਇਹ ਵੋਟ ਪਾਉਣ ਲਈ ਰਜਿਸਟਰ ਕਰਨ, ਜਾਂ ਸੇਨੇਡ ਜਾਂ ਵੇਲਜ਼ ਵਿੱਚ ਸਥਾਨਕ ਕੌਂਸਲ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਡੀ ਯੋਗਤਾ ਨੂੰ ਨਿਰਧਾਰਿਤ ਨਹੀਂ ਕਰਦਾ ਹੈ। ਜੇ ਇਹ ਸੈਕਸ਼ਨ ਤੁਹਾਡੇ 'ਤੇ ਲਾਗੂ ਹੁੰਦਾ ਹੈ, ਤਾਂ ਅਸੀਂ ਸਰਕਾਰੀ ਰਿਕਾਰਡਾਂ ਵਿੱਚ ਵੀ ਤੁਹਾਡੀ ਇਤਿਹਾਸਕ ਕੌਮੀਅਤ ਜਾਂ ਇਤਿਹਾਸਕ ਪ੍ਰਵਾਸ ਸਥਿਤੀ ਦੀ ਜਾਂਚ ਕਰ ਸਕਦੇ ਹਾਂ।

## ਤੁਹਾਡੀ ਜਨਮ ਮਿਤੀ

ਜੇ ਤੁਸੀਂ ਆਪਣੀ ਜਨਮ ਮਿਤੀ ਨਹੀਂ ਜਾਣਦੇ ਹੋ, ਤਾਂ ਕਿਰਪਾ ਕਰਕੇ ਅਧਿਕਾਰਤ ਦਸਤਾਵੇਜ਼ਾਂ (ਉਦਾਹਰਨ ਲਈ, ਤੁਹਾਡਾ ਪਾਸਪੋਰਟ ਜਾਂ ਡਰਾਈਵਿੰਗ ਲਾਇਸੰਸ) 'ਤੇ ਜੋ ਮਿਤੀ ਪਾਈ ਹੈ, ਉਹ ਦਿਓ ਜਾਂ ਖਾਨੇ ਵਿੱਚੋਂ ਕਿਸੇ ਇੱਕ 'ਤੇ ਨਿਸ਼ਾਨ ਲਗਾਓ। ਤੁਹਾਡੀ ਜਨਮ ਮਿਤੀ ਤੁਹਾਡੀ ਪਛਾਣ ਕਰਵਾਉਂਦੀ ਹੈ, ਤੁਹਾਡੀ ਵੋਟ ਪਾਉਣ ਦੀ ਯੋਗਤਾ ਦੀ ਪੁਸ਼ਟੀ ਕਰਦੀ ਹੈ ਅਤੇ ਤੁਹਾਨੂੰ ਅਦਾਲਤੀ ਸੇਵਾ ਲਈ ਬੁਲਾਉਣ ਕਰਨ ਲਈ ਵਰਤੀ ਜਾ ਸਕਦੀ ਹੈ।

## ਕੀ ਤੁਸੀਂ ਆਪਣਾ ਨਾਮ ਬਦਲਿਆ ਹੈ?

ਉਦਾਹਰਨ ਲਈ, ਹੋ ਸਕਦਾ ਹੈ ਕਿ ਤੁਸੀਂ ਵਿਆਹ ਕਰਵਾ ਲਿਆ ਹੋਵੇ ਅਤੇ ਆਪਣਾ ਨਾਮ ਬਦਲ ਲਿਆ ਹੋਵੇ। ਤੁਹਾਨੂੰ ਸਾਨੂੰ ਤੁਹਾਡੇ ਨਾਮ ਬਦਲਣ ਦੇ ਵੇਰਵੇ ਦੇਣ ਦੀ ਲੋੜ ਨਹੀਂ ਹੈ ਪਰ ਇਹ ਤੁਹਾਡੀ ਪਛਾਣ ਕਰਨ ਵਿੱਚ ਸਾਡੀ ਸਹਾਇਤਾ ਕਰੇਗਾ। ਜੇ ਇਹ ਜਾਣਕਾਰੀ ਨਹੀਂ ਦਿੱਤੀ ਜਾਂਦੀ ਹੈ ਤਾਂ ਤੁਹਾਨੂੰ ਵਾਧੂ ਦਸਤਾਵੇਜ਼ੀ ਸਬੂਤ ਪ੍ਰਦਾਨ ਕਰਨ ਦੀ ਲੋੜ ਪੈ ਸਕਦੀ ਹੈ।

## ਓਪਨ ਰਜਿਸਟਰ

**ਇਹ ਦੋ ਰਜਿਸਟਰ ਹੁੰਦੇ ਹਨ। ਕਿਉਂ?** ਲੋਕਾਂ ਤੋਂ ਪ੍ਰਾਪਤ ਜਾਣਕਾਰੀ ਦੀ ਵਰਤੋਂ ਕਰਦੇ ਹੋਏ, ਰਜਿਸਟ੍ਰੇਸ਼ਨ ਅਫ਼ਸਰ ਦੋ ਰਜਿਸਟਰ ਰੱਖਦੇ ਹਨ - ਚੋਣ ਰਜਿਸਟਰ ਅਤੇ ਓਪਨ ਰਜਿਸਟਰ (ਜਿਸ ਨੂੰ ਸੋਧਿਆ ਰਜਿਸਟਰ ਵੀ ਕਿਹਾ ਜਾਂਦਾ ਹੈ)।

**ਚੋਣ ਰਜਿਸਟਰ** ਵਿੱਚ ਹਰ ਉਸ ਵਿਅਕਤੀ ਦੇ ਨਾਮ ਅਤੇ ਪਤੇ ਦੀ ਸੂਚੀ ਹੁੰਦਾ ਹੈ ਜੋ ਜਨਤਕ ਚੋਣਾਂ ਵਿੱਚ ਵੋਟ ਪਾਉਣ ਲਈ ਰਜਿਸਟਰਡ ਹੈ। ਰਜਿਸਟਰ ਦੀ ਵਰਤੋਂ ਚੋਣ ਸੰਬੰਧੀ ਉਦੇਸ਼ਾਂ ਲਈ ਕੀਤੀ ਜਾਂਦੀ ਹੈ, ਜਿਵੇਂ ਕਿ ਇਹ ਯਕੀਨੀ ਬਣਾਉਣਾ ਕਿ ਸਿਰਫ਼ ਯੋਗ ਲੋਕ ਹੀ ਵੋਟ ਪਾ ਸਕਣ। ਇਸਦੀ ਵਰਤੋਂ ਕਾਨੂੰਨ ਵਿੱਚ ਦਰਸਾਏ ਹੋਰ ਸੀਮਤ ਉਦੇਸ਼ਾਂ ਲਈ ਵੀ ਕੀਤੀ ਜਾਂਦੀ ਹੈ, ਜਿਵੇਂ ਕਿ:

- ਅਪਰਾਧ ਦਾ ਪਤਾ ਲਗਾਉਣਾ (ਉਦਾਹਰਨ ਲਈ ਧੋਖਾਧੜੀ)
- ਅਦਾਲਤੀ ਸੇਵਾ ਲਈ ਲੋਕਾਂ ਨੂੰ ਬੁਲਾਉਣਾ
- ਕ੍ਰੈਡਿਟ ਐਪਲੀਕੇਸ਼ਨਾਂ ਦੀ ਜਾਂਚ ਕਰਨਾ।

**ਓਪਨ ਰਜਿਸਟਰ** ਚੋਣ ਰਜਿਸਟਰ ਦਾ ਹੀ ਇੱਕ ਅੰਸ਼ ਹੁੰਦਾ ਹੈ, ਪਰ ਚੋਣਾਂ ਲਈ ਵਰਤਿਆ ਨਹੀਂ ਜਾਂਦਾ ਹੈ। ਇਸ ਨੂੰ ਕਿਸੇ ਵੀ ਵਿਅਕਤੀ, ਕੰਪਨੀ ਜਾਂ ਸੰਸਥਾ ਦੁਆਰਾ ਖਰੀਦਿਆ ਜਾ ਸਕਦਾ ਹੈ। ਉਦਾਹਰਨ ਲਈ, ਇਸਦੀ ਵਰਤੋਂ ਨਾਮ ਅਤੇ ਪਤੇ ਦੇ ਵੇਰਵਿਆਂ ਦੀ ਤਸਦੀਕ ਕਰਨ ਲਈ ਕਾਰੋਬਾਰਾਂ ਅਤੇ ਚੈਰਿਟੀ ਵੱਲੋਂ ਕੀਤੀ ਜਾਂਦੀ ਹੈ। ਜੇ ਤੁਹਾਡੀ ਉਮਰ 16 ਸਾਲ ਜਾਂ ਇਸ ਤੋਂ ਵੱਧ ਹੈ ਤਾਂ ਤੁਹਾਡਾ ਨਾਮ ਅਤੇ ਪਤਾ ਓਪਨ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ ਜਦ ਤੱਕ ਤੁਸੀਂ ਉਨ੍ਹਾਂ ਨੂੰ ਹਟਾਉਣ ਲਈ ਨਹੀਂ ਕਹਿੰਦੇ। ਓਪਨ ਰਜਿਸਟਰ ਤੋਂ ਆਪਣੇ ਵੇਰਵੇ ਹਟਾਉਣ ਨਾਲ ਤੁਹਾਡੇ ਵੋਟ ਪਾਉਣ ਦੇ ਅਧਿਕਾਰ 'ਤੇ ਕੋਈ ਅਸਰ ਨਹੀਂ ਪੈਂਦਾ।

**ਜੇ ਤੁਹਾਡੀ ਉਮਰ 14 ਜਾਂ 15 ਸਾਲ ਹੈ,** ਤਾਂ ਤੁਹਾਨੂੰ ਓਪਨ ਰਜਿਸਟਰ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਤੁਹਾਨੂੰ ਇਲੈਕਟੋਰਲ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ, ਪਰ ਕੇਵਲ ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ ਅਤੇ ਉਹਨਾਂ ਦਾ ਅਮਲਾ ਹੀ ਤੁਹਾਡੇ ਦੁਆਰਾ ਪ੍ਰਦਾਨ ਕੀਤੇ ਗਏ ਵੇਰਵੇ ਵੇਖ ਸਕਦਾ ਹੈ। ਤੁਹਾਡੇ ਵੇਰਵੇ ਪ੍ਰਕਾਸ਼ਿਤ ਕੀਤੇ ਜਾਣ ਵਾਲੇ ਕਿਸੇ ਵੀ ਰਜਿਸਟਰ ਵਿੱਚ ਸ਼ਾਮਲ ਨਹੀਂ ਕੀਤੇ ਜਾਣਗੇ।

ਕਿਸੇ ਚੋਣ ਤੋਂ ਲਗਭਗ ਛੇ ਹਫ਼ਤੇ ਪਹਿਲਾਂ ਕੁੱਝ ਲੋਕਾਂ ਨੂੰ ਹਰ ਉਸ ਵਿਅਕਤੀ ਦੇ ਵੇਰਵਿਆਂ ਦੀ ਲੋੜ ਹੁੰਦੀ ਹੈ ਜੋ ਉਸ ਚੋਣ ਵਿੱਚ ਵੋਟ ਪਾ ਸਕਦੇ ਹਨ। ਜੇ ਤੁਸੀਂ ਸੇਨੇਡ ਜਾਂ ਸਥਾਨਕ ਕੌਂਸਲ ਚੋਣਾਂ ਦੀ ਮਿਤੀ ਨੂੰ 16 ਸਾਲ ਦੇ ਹੋ ਜਾਓਗੇ, ਤਾਂ ਤੁਹਾਡਾ ਨਾਮ ਅਤੇ ਪਤਾ ਉਹਨਾਂ ਲੋਕਾਂ ਨੂੰ ਦਿੱਤਾ ਜਾਵੇਗਾ ਜੋ ਚੋਣਾਂ ਦਾ ਪ੍ਰਬੰਧ ਕਰਦੇ ਹਨ, ਅਤੇ ਉਹਨਾਂ ਉਮੀਦਵਾਰਾਂ ਨੂੰ ਦਿੱਤਾ ਜਾਵੇਗਾ ਜੋ ਵੋਟਰਾਂ ਨੂੰ ਜਾਣਕਾਰੀ ਪ੍ਰਦਾਨ ਕਰਨਾ ਚਾਹੁੰਦੇ ਹਨ।

ਜੇ ਤੁਸੀਂ ਚਿੰਤਤ ਹੋ ਕਿ ਰਜਿਸਟਰ ਵਿੱਚ ਤੁਹਾਡਾ ਨਾਮ ਜਾਂ ਪਤਾ ਹੋਣ ਨਾਲ ਤੁਹਾਡੀ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ, ਤਾਂ ਤੁਹਾਡੇ ਲਈ ਹੋਰ ਵਿਕਲਪ ਵੀ ਉਪਲਬਧ ਹੋ ਸਕਦੇ ਹਨ। ਕੁਝ ਹਾਲਤਾਂ ਵਿੱਚ, ਤੁਸੀਂ ਰਜਿਸਟਰ ਵਿੱਚ ਆਪਣਾ ਨਾਮ ਅਤੇ ਪਤਾ ਵਿਖਾਏ ਬਿਨਾਂ ਰਜਿਸਟਰ ਕਰ ਸਕਦੇ ਹੋ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਤੁਸੀਂ ਪੰਨਾ 1 'ਤੇ ਸਾਡਾ ਪਤਾ ਦੇਖ ਸਕਦੇ ਹੋ। ਤੁਸੀਂ ਇਸ ਫਾਰਮ ਦੇ ਪੰਨਾ ਇੱਕ 'ਤੇ ਉਹਨਾਂ ਦਾ ਪਤਾ ਲੱਭ ਸਕਦੇ ਹੋ। ਤੁਸੀਂ **gov.uk/register-to-vote** 'ਤੇ ਦੋਵਾਂ ਰਜਿਸਟਰਾਂ ਬਾਰੇ ਅਤੇ ਉਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ।

## ਪਰਦੇਦਾਰੀ ਕਥਨ

ਕੰਟਰੋਲਰ, ਚੋਣ ਰਜਿਸਟ੍ਰੇਸ਼ਨ ਅਫ਼ਸਰ ਹੁੰਦਾ ਹੈ। ਇਸ ਅਰਜੀ ਫਾਰਮ ਵਿੱਚ ਨਿੱਜੀ ਜਾਣਕਾਰੀ ਇਕੱਠੀ ਕਰਨ ਲਈ ਉਹਨਾਂ ਦਾ ਕਾਨੂੰਨੀ ਆਧਾਰ ਇਹ ਹੈ ਕਿ ਲੋਕ ਪ੍ਰਤੀਨਿਧਤਾ ਐਕਟ (Representation of the People Act) 1983 ਅਤੇ ਸਬੰਧਤ ਕਾਨੂੰਨ ਵਿੱਚ ਦਰਸਾਏ ਅਨੁਸਾਰ ਜਨਤਕ ਹਿੱਤ ਵਿੱਚ ਕਾਰਜ ਕਰਨ ਲਈ ਇਹ ਪ੍ਰਕਿਰਿਆ ਜ਼ਰੂਰੀ ਹੈ। ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ ਨੂੰ ਤੁਹਾਡੀ ਨਿੱਜੀ ਜਾਣਕਾਰੀ 'ਤੇ ਸੁਰੱਖਿਅਤ ਢੰਗ ਨਾਲ ਪ੍ਰਕਿਰਿਆ ਕਰਨ ਅਤੇ ਡੇਟਾ ਸੁਰੱਖਿਆ ਕਾਨੂੰਨ ਦੀ ਪਾਲਣਾ ਕਰਨਾ ਕਾਨੂੰਨੀ ਤੌਰ 'ਤੇ ਜਰੂਰੀ ਹੁੰਦਾ ਹੈ।

ਜੇ ਤੁਸੀਂ ਓਪਨ ਰਜਿਸਟਰ ਤੋਂ ਬਾਹਰ ਨਿਕਲਣ ਦੀ ਚੋਣ ਕਰਦੇ ਹੋ, ਤਾਂ ਤੁਹਾਡੇ ਨਾਮ ਅਤੇ ਪਤੇ ਦੀ ਵਰਤੋਂ (ਚੋਣ ਰਜਿਸਟਰ ਦੇ ਸਮਰਥਨ ਲਈ ਲਈ ਇਸ ਦਾ ਹੋਰ ਡੇਟਾ ਸਰੋਤਾਂ ਨਾਲ ਮੇਲ ਕਰਨ ਸਮੇਤ) ਅਤੇ ਕਾਨੂੰਨ ਵਿੱਚ ਦਰਸਾਏ ਹੋਰ ਸੀਮਤ ਉਦੇਸ਼ਾਂ ਲਈ ਹੀ ਕੀਤੀ ਜਾ ਸਕਦੀ ਹੈ। ਕਨੂੰਨ ਤੁਹਾਡੀ ਜਾਣਕਾਰੀ ਨੂੰ ਲੋਕਤੰਤਰੀਕ ਮਸਲਿਆਂ ਸੰਬੰਧੀ ਗਤੀਵਿਧੀਆਂ (ਰਾਜਨੀਤਿਕ ਪਾਰਟੀਆਂ, ਉਮੀਦਵਾਰਾਂ, ਅਤੇ ਏਜੰਟਾਂ ਦੁਆਰਾ), ਅਪਰਾਧ ਖੋਜ, ਅਦਾਲਤੀ ਸੰਮਨ, ਅਤੇ ਕ੍ਰੈਡਿਟ ਐਪਲੀਕੇਸ਼ਨ ਪਛਾਣ ਸੰਬੰਧੀ ਜਾਂਚਾਂ ਲਈ ਵਰਤਣ ਦੀ ਇਜਾਜ਼ਤ ਦਿੰਦਾ ਹੈ।

ਜੇ ਤੁਸੀਂ ਓਪਨ ਰਜਿਸਟਰ ਤੋਂ ਬਾਹਰ ਨਿਕਲਣ ਦੀ ਚੋਣ ਨਹੀਂ ਕੀਤੀ ਤਾਂ ਤੁਹਾਡਾ ਨਾਮ ਅਤੇ ਪਤਾ ਕੋਈ ਵੀ ਖਰੀਦ ਸਕਦਾ ਹੈ ਅਤੇ ਸਿੱਧੇ ਮਾਰਕੀਟਿੰਗ ਸਮੇਤ ਬਹੁਤ ਸਾਰੇ ਉਦੇਸ਼ਾਂ ਲਈ ਵਰਤਿਆ ਜਾ ਸਕਦਾ ਹੈ।

ਕਿਰਪਾ ਕਰਕੇ gov.uk/register-to-vote ਤੇ ਪਰਦੇਦਾਰੀ ਨੋਟਿਸ ਨੂੰ ਵੇਖੋ ਜਾਂ ਕਾਪੀ ਦੀ ਬੇਨਤੀ ਕਰਨ ਲਈ ਚੋਣ ਰਜਿਸਟ੍ਰੇਸ਼ਨ ਅਫ਼ਸਰ ਨਾਲ ਸੰਪਰਕ ਕਰੋ।

electoralservices@cardiff.gov.uk 029 2087 2087

## ਕੀ ਫਾਰਮ ਸਬਧੀ ਕੋਈ ਸਮਸਿਆ ਹੈ?

**ਜੇ ਤੁਹਾਨੂੰ ਇਸ ਫਾਰਮ ਨੂੰ ਸਮਝਣ ਜਾਂ ਭਰਨ ਵਿੱਚ ਮਦਦ ਦੀ ਲੋੜ ਹੈ ਜਾਂ ਇਸਨੂੰ ਵੱਡੇ ਪ੍ਰਿੰਟ ਜਾਂ ਕਿਸੇ ਹੋਰ ਫਾਰਮੈਟ ਵਿੱਚ ਬੇਨਤੀ ਕਰਨ ਲਈ, ਸਾਡੇ ਨਾਲ ਸੰਪਰਕ ਕਰੋ। ਸਾਡੇ ਸੰਪਰਕ ਵੇਰਵੇ ਪੰਨਾ 1 'ਤੇ ਹਨ।**